ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਐਟ ਫੇਜ਼ -8, ਐਸ ਏ ਐਸ ਨਗਰ
ਅਮਲਾ-1 ਸਾਖਾ

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸ)

ਮੀਮੋ ਨੰ 11/38-2013 ਅ1(3-4-5-6-7)
ਮਿਤੀ ਸਅਸ ਨਗਰ:-06-08-2013

ਵਿਸ਼ਾ:- ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਸਬੰਧੀ(ਲੈਫਟ ਆਊਟ ਕੇਸ)।

ਵੱਖ -ਵੱਖ ਵਿਸ਼ਿਆ ਦੇ ਮਾਸਟਰ/ਮਿਸਟ੍ਰੈਸ ਕਾਡਰਾ ਤੋਂ ਲੈਕਚਰਾਰ ਰਾਜਨੀਤੀ ਸ਼ਾਸਤਰ , ਸੰਸਕ੍ਰਿਤ , ਫਾਇਨ ਆਰਟਸ, ਅਰਥ ਸ਼ਾਸਤਰ , ਜੋਗਰਫੀ, ਦੀ ਪੱਦ ਉੱਨਤੀ ਜੋ ਕਿ ਮਈ 2012 ਵਿੱਚ ਕੀਤੀ ਗਈ ਸੀ, ਨੂੰ ਸਰਕਾਰ ਦੇ ਹੁਕਮ ਨੰ 12/8/2013 ਮਿਤੀ 01-03-2013 ਅਨੁਸਾਰ ਰਿਵਿਊ ਕੀਤਾ ਜਾਣਾ ਹੈ । ਮਾਸਟਰ /ਮਿਸਟ੍ਰੈਸ ਦੇ ਵੱਖ -ਵੱਖ ਕਾਡਰਾ ਦੇ ਸੀਨੀਆਰਤਾ ਨੰਬਰ ਜਿੱਥੇ ਤੱਕ ਦੇ ਕੇਸ ਵਿਚਾਰੇ ਜਾਣੇ ਹਨ ਨਾਲ ਨੱਥੀ ਸੂਚੀ ਨੰ-1 ਵਿੱਚ ਦਰਜ ਹਨ।

ਸੂਚੀ ਨੰ-1 ਵਿੱਚ ਦਰਜ ਵੱਖ -ਵੱਖ ਕਾਡਰਾ ਦੇ ਉਪਰੋਕਤ ਸੀਨੀਆਰਤਾ ਨੰਬਰ ਤੱਕ ਜਿਹੜੇ ਕੇਸ ਡਾਇਰੈਕਟੋਰੇਟ ਵਿਖੇ ਉਪਲੱਬਧ ਹਨ ਉਨ੍ਹਾ ਦੀ ਲਿਸਟ ਸੂਚੀ ਨੰ -2 ਤੇ ਨੱਥੀ ਹੈ । ਜਿਹੜੇ ਕਰਮਚਾਰੀ ਨੇ ਐਮ.ਏ /ਐਮ ਐਸ ਸੀ ਮਿਤੀ 13-12-2011 ਤੋ ਪਹਿਲਾਂ ਪਾਸ ਕੀਤੀ ਹੈ ਅਤੇ ਉਹ ਸੂਚੀ ਨੰਬਰ 1 ਵਿੱਚ ਦਰਜ ਆਪਣੇ ਵਿਸ਼ੇ ਦੇ ਕਾਡਰ ਵਿੱਚ ਆਉਦੇਂ ਹਨ, ਪ੍ਰੰਤੂ ਉਸਦਾ ਨਾਮ ਸੂਚੀ ਨੰਬਰ -2 ਵਿੱਚ ਦਰਜ ਨਹੀ ਹੈ ,ਤਾਂ ਉਹ ਇਸ ਸਬੰਧੀ ਸਕੂਲ ਮੁੱਖੀ ਨੂੰ ਬੇਨਤੀ ਦੇਣਗੇ । ਜਿਹੜੇ ਕਰਮਚਾਰੀ 1995 ਦੇ ਡਿਸਏਬਿਲਟੀ ਐਕਟ ਅਧੀਨ ਪਾਤਰ ਹਨ ਅਤੇ ਉਕਤ ਵਿਸ਼ਿਆ ਦੀ ਤਰੱਕੀ ਲਈ ਮਿਤੀ13-12-2011 ਤੱਕ ਯੋਗਤਾਂਵਾ ਰੱਖਦੇ ਹਨ , ਉਹ ਵੀ ਆਪਣੇ ਕਲੇਮ ਸਬੰਧਤ ਸਕੂਲ ਮੁੱਖੀ ਪਾਸ ਸਮੇਤ ਦਸਤਾਵੇਜੀ ਸਬੂਤ (ਅੰਗਹੀਣਤਾ ਆਦਿ) ਤੁਰੰਤ ਪੇਸ਼ ਕਰਨ। ਸਕੂਲ ਮੁੱਖੀ,ਜਿਲ੍ਹਾ ਸਿੱਖਿਆ ਅਫਸਰ(ਸ) ਦੇ ਰਾਂਹੀ ਅਜਿਹੇ ਕਰਮਚਾਰੀਆਂ ਦੇ ਲੈਕਚਰਾਰ ਤਰੱਕੀ ਲਈ ਕੰਪਲੀਟ ਕੇਸ (ਸਮੇਤ ਅਸਲ ਪ੍ਰਤੀ ਹਸਤਾਖਰ 2009-10 ਤੱਕ ਦੀਆਂ 5 ਗੁਪਤ ਰਿਪੋਰਟਾਂ) ਮਿਤੀ11-08-2013 ਨੂੰ ਡਾਇਰੈਕਟੋਰੇਟ ਵਿਖੇ ਸਵੇਰੇ 11:00 ਵਜੇ ਸਹਾਇਕ ਡਾਇਰੈਕਟਰ (ਸਪ੍ਰ-1) ਪਾਸ ਪੁੱਜਦਾ ਕਰਨਗੇ।

ਇਸ ਕੰਮ ਵਿੱਚ ਜੇਕਰ ਕਿਸੇ ਵੀ ਕਿਸਮ ਦੀ ਦੇਰੀ ਕੀਤੀ ਜਾਂਦੀ ਹੈ ਤਾਂ ਸਬੰਧਤ ਸਕੂਲ ਮੁੱਖੀ/ ਜਿਲ੍ਹਾ ਸਿੱਖਿਆ ਅਫਸਰ(ਸ) ਵਿਰੁੱਧ ਅਨਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਸਹੀ/-

ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ